OFFICE OF THE
BRITISH COLUMBIA CONTAINER
TRUCKING COMMISSIONER

8 ਅਗਸਤ, 2018

# ਕਨਟੇਨਰ ਟਰੱਕਿੰਗ ਰੈਗੂਲੇਸ਼ਨ ਰੇਟ ਰਿਵੀਊ ਬਾਰੇ ਸਲਾਹ ਮਸ਼ਵਰਾ
# ਲਿਖਤੀ ਵਿਚਾਰਾਂ ਦੀ ਸੰਖੇਪ ਰਿਪੋਰਟ

14 ਮਈ, 2018 ਨੂੰ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ (ਓ ਬੀ ਸੀ ਸੀ ਟੀ ਸੀ) ਦੇ ਦਫਤਰ ਨੇ ਇਕ ਬੁਲੇਟਿਨ ਜਾਰੀ ਕਰਕੇ *ਕਨਟੇਨਰ ਟਰੱਕਿੰਗ ਐਕਟ* ਅਤੇ *ਰੈਗੂਲੇਸ਼ਨ* ਬਾਰੇ ਸਲਾਹ-ਮਸ਼ਵਰੇ ਦੇ ਹਿੱਸੇ ਵਜੋਂ ਲਿਖਤੀ ਵਿਚਾਰ ਮੰਗੇ ਸਨ। ਲਿਖਤੀ ਵਿਚਾਰ ਦੇਣ ਦੀ ਅੰਤਿਮ ਤਾਰੀਕ 29 ਜੂਨ, 2018 ਸੀ ਪਰ ਹਿੱਤ ਰੱਖਣ ਵਾਲੀਆਂ ਕਈ ਧਿਰਾਂ ਦੀ ਮੰਗ 'ਤੇ ਵਧਾਈ ਗਈ ਸੀ।

ਓ ਬੀ ਸੀ ਸੀ ਟੀ ਸੀ ਨੂੰ ਲਸੰਸੀਆਂ, ਸ਼ਿਪਰਾਂ ਅਤੇ ਡਰਾਈਵਰਾਂ ਅਤੇ ਪੋਰਟ ਵਿਚ ਹਿੱਤਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਸੰਸਥਾਵਾਂ ਤੋਂ ਨੌਂ (9) ਲਿਖਤੀ ਦ੍ਰਿਸ਼ਟੀਕੋਣ ਪ੍ਰਾਪਤ ਹੋਏ। ਨਾਲ ਲਿਖਤੀ ਵਿਚਾਰਾਂ ਦੇ ਸੰਖੇਪ ਦੀ ਰਿਪੋਰਟ ਲਗਾਈ ਗਈ ਹੈ ਜਿਹੜੀ ਵਿਚਾਰ ਦਰਜ ਕਰਵਾਉਣ ਵਾਲੇ 9 ਲੋਕਾਂ ਵਲੋਂ ਉਠਾਏ ਗਏ ਮਸਲਿਆਂ ਅਤੇ ਕੀਤੀਆਂ ਗਈਆਂ ਸਿਫਾਰਸ਼ਾਂ ਦਾ ਸੰਖੇਪ ਦੱਸਦੀ ਹੈ। ਸਰਕਾਰ ਲਈ ਸਿਫਾਰਸ਼ਾਂ ਦੀ ਆਪਣੀ ਰਿਪੋਰਟ ਤਿਆਰ ਕਰਨ ਵੇਲੇ ਮੈਂ ਇਨ੍ਹਾਂ ਲਿਖਤੀ ਵਿਚਾਰਾਂ ਨੂੰ ਧਿਆਨ ਵਿਚ ਰੱਖਾਂਗਾ।

ਸੱਚੇ ਦਿਲੋਂ,

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**

ਮਾਈਕਲ ਕਰੌਫਰਡ
ਕਮਿਸ਼ਨਰ

1085 ਕੈਂਬੀ ਸਟ੍ਰੀਟ, ਵੈਨਕੂਵਰ, ਬੀ.ਸੀ. V6B 5L7 | ਫ਼ੋਨ: 604-660-6051 | ਫੈਕਸ: 604-660-6045 | Info@obcctc.ca